Law & Prosecution Department
Dairy No.: 3961
Dated: 28-1-12



ਨੰ : 10/12 (90)88-5 ਐਚ.ਬੀ. 5/11341

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-5 ਸ਼ਾਖਾ)

ਵੱਲ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ,
ਸਮੂਹ, ਜ਼ਿਲ੍ਹਾ ਅੰਦੇ ਸੈਸ਼ਨ ਜੱਜ, ਡਿਪਟੀ ਕਮਿਸ਼ਨਰ,
ਸਿਵਲ ਸਰਜਨ ਅਤੇ ਪ੍ਰਿੰਸੀਪਲ, ਮੈਡੀਕਲ/ਡੈਂਟਲ ਕਾਲਜ,
ਪਟਿਆਲਾ, ਫਰੀਦਕੋਟ ਤੇ ਅੰਮ੍ਰਿਤਸਰ ।
ਮਿਤੀ 10 ਮਾਰਚ, 1992 ।

ਵਿਸ਼ਾ :- ਰਾਜ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਮੈਡੀਕਲ ਖ਼ਰਚੇ ਦੀ ਪ੍ਰਤੀ-ਪੂਰਤੀ ਦੇ ਬਿਲਾਂ ਤੇ ਸੀਮਾ ਨਿਸ਼ਚਿਤ ਕਰਨ ਬਾਰੇ ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਸਰਕਾਰ ਦੇ ਗਸ਼ਤੀ ਪੱਤਰ ਨੰ 10/12 (90)88-5 ਸਿਹਤ 5/66 ਮਿਤੀ 1 ਜਨਵਰੀ, 1991, ਵੱਲ ਧਿਆਨ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਲੰਮੇਂ ਅਰਸੇ ਤਕ ਦੇ ਇਲਾਜ ਵਾਲੀਆਂ (ਕਰੌਨਿਕ) ਬੀਮਾਰੀਆਂ ਦੀ ਸੂਚੀ ਪ੍ਰਕਾਸ਼ਤ ਕੀਤੀ ਗਈ ਸੀ । ਇਹਨਾਂ ਬੀਮਾਰੀਆਂ ਦੀ ਸੂਚੀ ਦੋ ਭਾਗਾਂ ਵਿੱਚ ਜਾਰੀ ਕੀਤੀ ਗਈ ਸੀ, ਪਹਿਲੇ ਭਾਗ ਦੀਆਂ ਬੀਮਾਰੀਆਂ ਉਹ ਸਨ ਜਿਹੜੀਆਂ ਲੰਮੇ ਸਮੇਂ ਦੇ ਇਲਾਜ ਵਾਲੀਆਂ ਹਨ, ਪਰ ਇਨ੍ਹਾਂ ਦਾ ਇਲਾਜ ਬਿਨਾਂ ਹਸਪਤਾਲ ਵਿੱਚ ਦਾਖਲ ਹੋਏ ਬਤੌਰ "ਆਊਟਡੋਰ" ਮਰੀਜ਼ ਚਾਲੂ ਰੱਖਿਆ ਜਾ ਸਕਦਾ ਹੈ ਅਤੇ ਦੂਜੇ ਭਾਗ ਦੀਆਂ ਬੀਮਾਰੀਆਂ ਦੀ ਕਿਸਮ ਵੀ ਲੰਮੇ ਸਮੇਂ ਦੇ ਇਲਾਜ ਦੀ ਹੈ ਪਰ ਇਨ੍ਹਾਂ ਦੇ ਇਲਾਜ ਲਈ ਪਹਿਲਾਂ ਹਸਪਤਾਲ ਵਿੱਚ ਦਾਖਲ ਹੋਣਾ ਪੈਂਦਾ ਹੈ ਅਤੇ ਉਸ ਉਪਰੰਤ ਡਾਕਟਰ ਦੀ ਸਲਾਹ ਅਨੁਸਾਰ ਇਲਾਜ ਬਤੌਰ "ਆਊਟਡੋਰ" ਮਰੀਜ਼ ਜਾਰੀ ਰੱਖਿਆ ਜਾ ਸਕਦਾ ਹੈ । ਇਨ੍ਹਾਂ ਬੀਮਾਰੀਆਂ ਦੀਆਂ ਸੂਚੀਆਂ ਵਿੱਚੋਂ ਇਕ ਸੂਚੀ ਵਿੱਚ ਦਰਸਾਈਆਂ ਬੀਮਾਰੀਆਂ ਲਈ ਪਹਿਲਾਂ ਹਸਪਤਾਲ ਵਿੱਚ ਦਾਖਲ ਹੋਣਾ ਪੈਂਦਾ ਸੀ ਪ੍ਰੰਤੂ ਕਈ ਵਾਰ ਸਥਿਤੀ ਅਜਿਹੀ ਉਤਪੰਨ ਹੁੰਦੀ ਸੀ ਕਿ ਇਹਨਾਂ ਬੀਮਾਰੀਆਂ ਲਈ ਹਸਪਤਾਲ ਦਾਖਲ ਹੋਣਾ ਸੰਭਵ ਨਹੀਂ ਸੀ ਹੁੰਦਾ ਜਿਸ ਕਰਕੇ ਕਰਮਚਾਰੀ/ਪੈਨਸ਼ਨਰ ਅਤੇ ਹੋਰ ਵਾਰਗ ਇਹਨਾਂ ਬੀਮਾਰੀਆਂ ਦੇ ਖ਼ਰਚੇ ਦੀ ਪ੍ਰਤੀ-ਪੂਰਤੀ ਲੈਣ ਤੋਂ ਵਾਂਝੇ ਰਹਿ ਜਾਂਦੇ ਸਨ । ਇਸ ਲਈ ਸਰਕਾਰ ਨੇ ਹੁਣ ਕੁਝ ਹੋਰ "ਕਰੌਨਿਕ "ਬੀਮਾਰੀਆਂ ਸ਼ਾਮਿਲ ਕਰਕੇ ਹਵਾਲੇ ਅਧੀਨ ਪੱਤਰ ਰਾਹੀਂ ਜਾਰੀ ਦੋਵੇਂ ਸੂਚੀਆਂ ਦਰਜ "ਕਰੌਨਿਕ" ਬੀਮਾਰੀਆਂ ਨੂੰ ਇਕ ਹੀ ਸੂਚੀ ਵਿੱਚ ਸ਼ਾਮਲ ਕਰਨ ਅਤੇ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ ਹੈ । ਇਸ ਦੀ ਇਕ ਕਾਪੀ ਨੱਥੀ ਕੀਤੀ ਜਾਂਦੀ ਹੈ । ਇਸ ਤੋਂ ਇਲਾਵਾ, ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੁੱਤੇ, ਸੱਪ, ਨਿਉਲੇ ਆਦਿ ਜਾਨਵਰਾਂ ਦੇ ਕੱਟੇ ਜਾਣ ਤੋਂ ਇਸ ਦੇ ਇਲਾਜ ਤੇ ਖ਼ਰਚ ਕੀਤੀ ਗਈ ਰਕਮ ਦੀ ਪ੍ਰਤੀ ਪੂਰਤੀ ਨੂੰ ਵੀ "ਕਰੌਨਿਕ " ਬਿਮਾਰੀਆਂ ਦੇ ਇਲਾਜ ਦੀ ਪ੍ਰਤੀ ਪੂਰਤੀ ਦੀ ਤਰ੍ਹਾਂ, ਸਰਕਾਰ ਵੱਲੋਂ 1,200/- ਪ੍ਰਤੀ ਸਾਲ ਨਿਰਧਾਰਤ ਕੀਤੀ ਸੀਮਾ ਵਿੱਚ ਨਾ ਗਿਣਿਆ ਜਾਵੇ ।

ਸਹੀ/-
ਅਧੀਨ ਸਕੱਤਰ ਸਿਹਤ

Scanned with CamScanner

Law & Prosecution Department
Entry No.: 377
Dated: 27/1/10

No.99/1/04/UTFII (12)/2009/ 533
Chandigarh Administration
Finance Department
Chandigarh, dated the 21/1/2010

To

All Administrative Secretaries and
Heads of Departments/offices in
Chandigarh Administration.

Subject: - Regarding reimbursement of medical charges in the case of outdoor treatment on account of dog, snake, mongoose biting etc. ( anti rabies)

The issue as to whether reimbursement of medical charges incurred by an employee/pensioners/family pensioner for taking outdoor treatment on account of dog, snake, mongoose biting etc. (anti rabies), is admissible to him/her or not, has been under consideration of this Administration. In view of the clarification as contained in the Punjab Government's letter bearing no.10/1/2 (90)) 88-5HB.5/11341 dated 10th March, 1992, it is clarified that medical charges for taking out door treatment on account of dog, snake, mongoose biting etc. (anti rabies) may be dealt with at par with the other chronic disease cases and the reimbursement of these medical charges may be allowed on the same lines without insisting on the requirement of chronic disease certificate from the Competent Authority.

Sd/- 20/1/10
Superintendent Finance II
For Finance Secretary,
Chandigarh Administration.

Scanned with CamScanner